ਸਰਕਾਰੀ ਹਸਪਤਾਲ ਮੁਕੰਦਪੁਰ ਸਟਾਫ਼ ਨੇ ਸਰਕਾਰੀ ਹਾਈ ਸਕੂਲ, ਬੱਲੋਵਾਲ ਵਿਖੇ ਜਾਗਰੂਕਤਾ ਸੈਸ਼ਨ ਦੇ ਨਾਲ ਅੰਤਰਰਾਸ਼ਟਰੀ ਬਾਲ ਕੈਂਸਰ ਦਿਵਸ ਮਨਾਇਆ

ਆਜ਼ਾਦ ਸੋਚ, ਤੇਜ ਪ੍ਰਕਾਸ਼ ਖਾਸਾ, ਨਵਾਂਸ਼ਹਿਰ,15 ਫਰਵਰੀ :

ਮਾਨਯੋਗ ਐਸ ਐਮ ਓ ਡਾ. ਜਤਿੰਦਰ ਸਿੰਘ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਬਾਲ ਕੈਂਸਰ ਦਿਵਸ ਦੇ ਮੌਕੇ ਤੇ, ਕਮਿਊਨਿਟੀ ਹੈਲਥ ਸੈਂਟਰ (ਸੀਐਚਸੀ) ਮੁਕੰਦਪੁਰ ਦੇ ਸਮਰਪਿਤ ਸਟਾਫ ਮੈਂਬਰਾਂ ਨੇ ਸਰਕਾਰੀ ਹਾਈ ਸਕੂਲ, ਬੱਲੋਵਾਲ ਵਿਖੇ ਇੱਕ ਪ੍ਰਭਾਵਸ਼ਾਲੀ ਜਾਗਰੂਕਤਾ ਸੈਸ਼ਨ ਦਾ ਆਯੋਜਨ ਕੀਤਾ। ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਨੂੰ ਕੈਂਸਰ, ਇਸਦੇ ਲੱਛਣਾਂ, ਰੋਕਥਾਮ ਅਤੇ ਉਪਲਬਧ ਇਲਾਜ ਵਿਕਲਪਾਂ ਬਾਰੇ ਜਾਗਰੂਕ ਕਰਨਾ, ਨੌਜਵਾਨ ਪੀੜ੍ਹੀ ਵਿੱਚ ਜਾਗਰੂਕਤਾ ਅਤੇ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨਾ ਸੀ। ਇਸ ਮੌਕੇ ਹਰਪ੍ਰੀਤ ਸਿੰਘ ਬਲਾਕ ਐਕਸਟੈਂਨਸ਼ਨ ਐਜੂਕੇਟਰ ਨੇ ਇੰਟਰਐਕਟਿਵ ਸੈਸ਼ਨ ਰਾਹੀਂ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਆਮ ਲੱਛਣਾਂ, ਜਿਵੇਂ ਕਿ ਅਣਜਾਣ ਭਾਰ ਘਟਣਾ, ਲਗਾਤਾਰ ਬੁਖਾਰ ਅਤੇ ਅਸਾਧਾਰਨ ਗੰਢਾਂ ਦਾ ਬਣਨਾ, ਫੋੜਾ ਜੋ ਠੀਕ ਨਹੀਂ ਹੁੰਦਾ, ਅਸਧਾਰਨ ਖੂਨ ਵਹਿਣਾ ਜਾਂ ਡਿਸਚਾਰਜ, ਛਾਤੀ ਜਾਂ ਹੋਰ ਗੰਢ ਹੋਣਾ, ਬਦਹਜ਼ਮੀ ਜਾਂ ਨਿਗਲਣ ਵਿੱਚ ਮੁਸ਼ਕਿਲ ਹੋਣਾ ।

ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਹ ਜਾਂ ਉਨ੍ਹਾਂ ਦੇ ਸਾਥੀ ਅਜਿਹੇ ਲੱਛਣਾਂ ਦਾ ਅਨੁਭਵ ਕਰਦੇ ਹਨ ਤਾਂ ਡਾਕਟਰੀ ਸਲਾਹ ਲੈਣ। ਇਸ ਤੋਂ ਇਲਾਵਾ, ਰੋਕਥਾਮ ਉਪਾਵਾਂ ਅਤੇ ਕੈਂਸਰ ਦੇ ਜੋਖਮਾਂ ਨੂੰ ਘਟਾਉਣ ਵਿੱਚ ਇੱਕ ਸਿਹਤਮੰਦ ਜੀਵਨ ਸ਼ੈਲੀ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਰੋਜ਼ਾਨਾ ਆਪਣੇ ਖਾਣੇ ਵਿੱਚ ਸਬਜੀਆਂ, ਦਾਲਾਂ ਅਤੇ ਫ਼ਲ ਦਾ ਸੇਵਨ ਕਰਨਾ ਚਾਹੀਦਾ ਹੈ ਅਤੇ ਫਾਸਟ ਫੂਡ ਨੂੰ ਤਿਆਗ ਦੇਣਾ ਚਾਹੀਦਾ ਹੈ।ਇਸ ਜਾਗਰੂਕਤਾ ਮੁਹਿੰਮ ਨੇ ਕੈਂਸਰ ਨਾਲ ਜੂਝ ਰਹੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਵਿੱਚ ਭਾਈਚਾਰਕ ਸ਼ਮੂਲੀਅਤ ਦੀ ਮਹੱਤਤਾ ਨੂੰ ਉਜਾਗਰ ਕੀਤਾ। ਵਿਦਿਆਰਥੀਆਂ ਨੂੰ ਗਿਆਨ ਨਾਲ ਲੈਸ ਕਰਕੇ, ਸੀਐਚਸੀ ਮੁਕੰਦਪੁਰ ਦਾ ਉਦੇਸ਼ ਇੱਕ ਲਹਿਰਾਉਣ ਵਾਲਾ ਪ੍ਰਭਾਵ ਪੈਦਾ ਕਰਨਾ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣੇ ਭਾਈਚਾਰਿਆਂ ਵਿੱਚ ਜਾਗਰੂਕਤਾ ਫੈਲਾਉਣ ਲਈ ਉਤਸ਼ਾਹਿਤ ਕੀਤਾ ਜਾ ਸਕੇ।

ਸਕੂਲ ਪ੍ਰਸ਼ਾਸਨ ਅਤੇ ਵਿਦਿਆਰਥੀਆਂ ਨੇ ਜਾਣਕਾਰੀ ਭਰਪੂਰ ਸੈਸ਼ਨ ਲਈ ਧੰਨਵਾਦ ਪ੍ਰਗਟ ਕੀਤਾ। ਸੀਐਚਸੀ ਮੁਕੰਦਪੁਰ ਸਿਹਤ ਸਿੱਖਿਆ ਅਤੇ ਰੋਕਥਾਮ ਦੇਖਭਾਲ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ, ਜਿਸ ਨਾਲ ਸਾਰਿਆਂ ਲਈ ਇੱਕ ਸਿਹਤਮੰਦ ਭਵਿੱਖ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਹੈਲਥ ਵਰਕਰ ਸਰਬਜੀਤ, ਮੁੱਖ ਅਧਿਆਪਕ ਸੁਰਿੰਦਰ, ਸਕੂਲ ਦੇ ਟੀਚਰ ਅਤੇ ਵਿਧਾਰਥੀ ਮੌਜੂਦ ਸਨ।

ਟਰੱਕ ਅਤੇ ਕਾਰ ਦੀ ਟੱਕਰ 'ਚ ਕਾਰ ਬੁਰੀ ਤਰ੍ਹਾਂ ਨੁਕਸਾਨੀ, ਜਾਨੀ ਨੁਕਸਾਨ ਦਾ ਬਚਾਅ

ਆਜ਼ਾਦ ਸੋਚ, ਤੇਜ ਪ੍ਰਕਾਸ਼ ਖਾਸਾ, ਨਵਾਂਸ਼ਹਿਰ, 15 ਫਰਵਰੀ :

ਰੋਪੜ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਕਮਾਲਪੁਰ ਦੇ ਕੱਟ ਟਰੱਕ ਅਤੇ ਕਾਰ ਦੀ ਟੱਕਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਦੱਸਿਆ ਕਿ ਉਹਨਾਂ ਨੂੰ ਕੰਟ੍ਰੋਲਰ ਰੂਮ ਨਵਾਂਸ਼ਹਿਰ ਤੋਂ ਸੂਚਨਾ ਮਿਲੀ ਸੀ ਕਿ ਕਮਾਲਪੁਰ ਦੇ ਕੱਟ ਸਵਿਫਟ ਕਾਰ ਪੀ ਬੀ 01ਡੀ 3992 ਜਿਸਨੂੰ ਕੁਲਜੀਤ ਪੁੱਤਰ ਬਲਵੀਰ ਸਿੰਘ ਵਾਸੀ ਗੋਲਡ ਸਿਟੀ ਸਨੀ ਇਨਕਲੇਵ ਜਿਲ੍ਹਾਂ ਮੋਹਾਲੀ ਚਲਾ ਰਿਹਾ ਸੀ। ਜੋ ਕਿ ਹੁਸ਼ਿਆਰਪੁਰ ਤੋਂ ਮੋਹਾਲੀ ਜਾ ਰਿਹਾ ਸੀ ਜਦੋਂ ਇਹ ਕਮਾਲਪੁਰ ਦੇ ਕੱਟ ਕੋਲ ਪਹੁੰਚੀਆਂ ਤਾਂ ਕਾਰ ਦੇ ਅੱਗੇ ਰੋਪੜ੍ਹ ਸਾਈਡ ਨੂੰ ਟਰੱਕ ਜਾ ਰਿਹਾ ਸੀ ਤਾਂ ਕਾਰ ਦਾ ਸਤੁੰਨਲ ਵਿਗੜਨ ਕਾਰਨ ਕਾਰ ਟਰੱਕ ਪਿੱਛੇ ਜਾ ਟਕਰਾਈ, ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਜਾਨੀ ਨੁਕਸਾਨ ਦਾ ਬਚਾਅ ਹੋ ਗਿਆ ਅਤੇ ਟਰੱਕ ਡਰਾਈਵਰ ਟਰੱਕ ਲੈ ਕੇ ਮੌਕੇ ਤੋਂ ਫਰਾਰ ਹੋ ਗਿਆ। ਐਸ ਐਫ ਦੀ ਟੀਮ ਨੇ ਕਾਰ ਨੂੰ ਸਾਈਡ ਕਰਵਾ ਕੇ ਰੋਡ ਕਲੀਅਰ ਕਰਕੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕੀਤਾ ਅਤੇ ਹਾਦਸੇ ਸਬੰਧੀ ਥਾਣਾ ਕਾਠਗੜ੍ਹ ਅਤੇ ਕੰਟ੍ਰੋਲਰ ਰੂਮ ਨਵਾਂਸ਼ਹਿਰ ਨੂੰ ਸੂਚਿਤ ਕਰ ਦਿੱਤਾ।

ਪੰਜਾਬ ਪੱਧਰ 'ਤੇ ਛਾਇਆ ਜ਼ਿਲ੍ਹਾ ਸੰਗਰੂਰ ਦੇ ਸ.ਹ.ਸ ਘਨੌਰ ਕਲਾਂ ਦਾ ਨਾਮ

ਆਜ਼ਾਦ ਸੋਚ, ਵਰਮਾ, ਧੂਰੀ, 15 ਫਰਵਰੀ :

52ਵੀਂ ਰਾਜ ਪੱਧਰੀ ਵਿਗਿਆਨ ਪ੍ਰਦਰਸ਼ਨੀ ਖ਼ਾਲਸਾ ਕਾਲਜ਼ ਅੰਮ੍ਰਿਤਸਰ ਵਿਖੇ ਹੋਈ। ਸਾਇੰਸ ਵਿਸ਼ੇ ਦੀ ਇਸ ਰਾਜ ਪੱਧਰੀ ਪ੍ਰਦਰਸ਼ਨੀ ਵਿੱਚ ਜ਼ਿਲ੍ਹਾ ਸੰਗਰੂਰ ਦੇ ਅੱਠਵੀਂ ਜਮਾਤ ਦੇ ਵਿਦਿਆਰਥੀ ਜਸਕਰਨ ਸਿੰਘ ਨੇ ਮਾਨਯੋਗ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀਮਤੀ ਤਰਵਿੰਦਰ ਕੌਰ ਦੀ ਰਹਿਨੁਮਾਈ ਹੇਠ। ਸਕੂਲ ਮੁਖੀ ਪਰਮਜੀਤ ਸਿੰਘ ਕੈਂਥ ਦੀ ਯੋਗ ਅਗਵਾਈ ਅਧੀਨ ਅਤੇ ਸਾਇੰਸ ਮਿਸਟ੍ਰੈਸ ਸ਼੍ਰੀਮਤੀ ਗਗਨਦੀਪ ਕੌਰ ਦੀ ਅਣਥੱਕ ਮਿਹਨਤ ਸਦਕਾ ਸਟੇਟ ਪੱਧਰ ਤੇ ਭਾਗ ਲਿਆ ਅਤੇ ਪਹਿਲਾ ਸਥਾਨ ਪ੍ਰਾਪਤ ਕਰਕੇ ਅਪਣੇ ਜ਼ਿਲੇ ਦਾ ਆਪਣੇ ਸਕੂਲ ਦਾ ਅਤੇ ਆਪਣੇ ਪਿੰਡ ਘਨੌਰ ਕਲਾਂ ਦਾ ਨਾਮ ਰੋਸ਼ਨ ਕੀਤਾ । ਇੱਥੇ ਇਹ ਵਰਨਣਯੋਗ ਹੈ। ਕਿ ਸ.ਹ.ਸ ਘਨੌਰ ਕਲਾਂ ਦੇ ਵਿਦਿਆਰਥੀ ਜਸਕਰਨ ਸਿੰਘ ਨੇ ਜਿਲਾ ਪੱਧਰੀ ਸਾਇੰਸ ਪ੍ਰਦਰਸ਼ਨੀ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਤੋਂ ਬਾਅਦ ਮਿਤੀ 13.02.2025 ਨੂੰ ਸਟੇਟ ਪੱਧਰ ਤੇ ਹੋਣ ਵਾਲੀ ਸਟੇਟ ਪੱਧਰੀ ਸਾਇੰਸ ਪ੍ਰਦਰਸ਼ਨੀ ਵਿੱਚ ਸਾਇੰਸ ਅਧਿਆਪਕਾ ਸ੍ਰੀਮਤੀ ਗਗਨਦੀਪ ਕੌਰ ਦੀ ਅਗਵਾਈ ਹੇਠ ਭਾਗ ਲਿਆ ਅਤੇ ਪਹਿਲੀ ਪੁਜ਼ੀਸ਼ਨ ਹਾਸਲ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ ਜਸਕਰਨ ਸਿੰਘ ਅਤੇ ਗਾਈਡ ਅਧਿਆਪਕਾ ਸ਼੍ਰੀਮਤੀ ਗਗਨਦੀਪ ਕੌਰ ਦਾ ਸਕੂਲ ਪਹੁੰਚਣ ਤੇ ਸਕੂਲ ਮੁਖੀ ਪਰਮਜੀਤ ਸਿੰਘ ਕੈਂਥ ਸ ਜਸਵਿੰਦਰ ਸਿੰਘ ਜੀ ਸਰਪੰਚ (ਘਨੌਰ ਕਲਾਂ) ਅਤੇ ਸਮੂਹ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

ਮਹਿਰਾਜ ਦੇ ਸਕੂਲ ਵਿੱਚ ਸੇਫਟੀ ਅਤੇ ਸੁਰਖਿਆ ਸਬੰਧੀ ਸੈਮੀਨਾਰ ਕਰਵਾਇਆ

ਆਜ਼ਾਦ ਸੋਚ, ਰਜਨੀਸ਼ ਕਰਕਰਾ, ਰਾਮਪੁਰਾ ਫੂਲ, 15 ਫਰਵਰੀ :

ਨਜਦੀਕੀ ਨਗਰ ਮਹਿਰਾਜ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਪੰਜਾਬ ਸਰਕਾਰ ਅਤੇ ਮਾਨਯੋਗ ਜਿਲ੍ਹਾ ਸਿੱਖਿਆ ਅਫਸਰ(ਸੈਸਿ) ਬਠਿੰਡਾ ਜੀ ਦੇ ਦਿਸ਼ਾ ਨਿਰਦੇਸ਼ ਅਤੇ ਗੀਤਾ ਅਰੋੜਾ ਪ੍ਰਿੰਸੀਪਲ ਜੀ ਦੀ ਅਗਵਾਈ ਹੇਠ ਐਨ.ਐਸ.ਐਸ. ਯੂਨਿਟ ਵੱਲੋਂ ਸਕੂਲ ਦੇ ਅਧਿਆਪਕਾਂ ਅਤੇ ਬੱਚਿਆਂ ਦਾ ਉਰੀਐਂਟੇਸ਼ਨ ਪ੍ਰੋਗਰਾਮ ਸੇਫਟੀ ਅਤੇ ਸੁਰਖਿਆ ਸਬੰਧੀ ਕਰਵਾਇਆ ਗਿਆ । ਇਸ ਮੌਕੇ ਨਰੇਸ਼ ਪਠਾਨੀਆਂ, ਫਸਟ ਏਡ ਟ੍ਰੇਨਰ ਜਿਲਾ ਰੈਡ ਕਰਾਸ ਸੁਸਾਇਟੀ ਬਠਿੰਡਾ ਨੇ ਬੱਚਿਆਂ ਨੂੰ ਸੜਕ ਸੁਰਖਿਆ ਸਬੰਧੀ ਜਾਣਕਾਰੀ ਦਿੱਤੀ । ਉਹਨਾਂ ਨੇ ਬੱਚਿਆਂ ਨੂੰ ਸੜਕ ਪਾਰ ਕਰਨ, ਸੜਕ ਦੇ ਨਿਯਮ, ਸਾਇਨ ਬੋਰਡ ਅਤੇ ਦੁਰਘਟਨਾ ਸਮੇਂ ਦਿੱਤੀ ਜਾਣ ਵਾਲੀ ਮੁਢਲੀ ਸਹਾਇਤਾ ਸਬੰਧੀ ਵਿਸਥਾਰ ਨਾਲ ਦੱਸਿਆ। ਸਕੂਲ ਦੇ ਵਿਦਿਆਰਥੀਆਂ ਨੂੰ ਸਾਇਬਰ ਸਕਿਉਰਟੀ ਸਬੰਧੀ ਵਿਸ਼ੇਸ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਗੀਤਾ ਅਰੋੜਾ ਨੇ ਬੱਚਿਆਂ ਨੂੰ ਸੜਕੀ ਨਿਯਮਾਂ ਦਾ ਪਾਲਣ ਕਰਨ ਅਤੇ ਸੋਸ਼ਲ ਮੀਡੀਆ ਤੋਂ ਦੂਰ ਰਹਿਕੇ ਪੜਾਈ ਕਰਨ ਦੀ ਅਪੀਲ ਕੀਤੀ। ਉਹਨਾਂ ਨੇ ਬੱਚਿਆਂ ਨੂੰ ਆਉਦੇਂ ਪੇਪਰਾਂ ਦੌਰਾਨ ਤਨਾਅਮੁਕਤ ਰਹਿਣ ਦੇ ਨੁਕਤੇ ਵੀ ਸਾਂਝੇ ਕੀਤੇ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵੀਰ ਕੌਰ, ਮੋਹਿਤ ਭੰਡਾਰੀ ਪ੍ਰੋਗਰਾਮ ਅਫਸਰ ਨੇ ਬੱਚਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ । ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਹਾਜਰ ਸੀ।

ਬੀਕੇਯੂ ਏਕਤਾ ਉਗਰਾਹਾਂ ਬਲਾਕ ਮੂਨਕ ਦੇ ਕਿਸਾਨ ਆਗੂਆਂ ਦੀ ਹੋਈ ਮੀਟਿੰਗ

ਆਜ਼ਾਦ ਸੋਚ, ਬੂਟਾ ਸਿੰਘ ਭੁਟਾਲ, ਮੂਨਕ, 15 ਫਰਵਰੀ :

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੂਨਕ ਦੇ ਕਿਸਾਨ ਆਗੂਆਂ ਦੀ ਮੀਟਿੰਗ ਬਲਾਕ ਪ੍ਰਧਾਨ ਸੁਖਦੇਵ ਸਿੰਘ ਕੜੈਲ ਦੀ ਅਗਵਾਈ ਹੇਠ ਪਿੰਡ ਮਕੋਰੜ ਸਾਹਿਬ ਵਿਖੇ ਹੋਈ ਜਿਸ ਵਿੱਚ ਸਾਰੀਆਂ ਪਿੰਡ ਇਕਾਈਆਂ ਦੇ ਅਤੇ ਬਲਾਕ ਦੇ ਆਗੂ ਸ਼ਾਮਲ ਹੋਏ ਮੀਟਿੰਗ ਵਿੱਚ ਆਏ ਕਿਸਾਨ ਆਗੂਆਂ ਨੂੰ ਬਲਾਕ ਜਰਨਲ ਸਕੱਤਰ ਰਿੰਕੂ ਮੂਨਕ ਨੇ ਸੰਬੋਧਨ ਕਰਦਿਆਂ ਆਖਿਆ ਕਿ ਜਥੇਬੰਦੀ ਵੱਲੋਂ 13 ਫ਼ਰਵਰੀ ਨੂੰ ਬਠਿੰਡਾ ਜ਼ਿਲ੍ਹੇ ਦੇ ਜਿਉਂਦ ਦੀ ਦਾਣਾ ਮੰਡੀ ਵਿੱਚ ਕੀਤੀ ਜ਼ਮੀਨੀ ਸੰਗਰਾਮ ਕਾਨਫਰੰਸ ਵਿੱਚ ਕਿਸਾਨਾਂ ਦੇ ਬੇਮਿਸਾਲ ਲੱਖਾਂ ਦੇ ਇਸ ਇਕੱਠ ਨੇ ਸਰਕਾਰ ਦੇ ਭੁਲੇਖੇ ਕੱਢ ਦਿੱਤੇ ਤੇ ਸਰਕਾਰ ਨੂੰ ਖਬਰਦਾਰ ਕੀਤਾ ਹੈ ਕਿ ਕਿਸਾਨਾਂ ਦੀਆਂ ਜ਼ਮੀਨਾਂ ਵੱਲ ਸਰਕਾਰ ਅੱਖ ਨਾ ਕਰੇ ਗਿਣਤੀ ਪੱਖੋਂ ਅਸੀ ਬਲਾਕ ਮੂਨਕ ਦੀਆਂ ਸਾਰੀਆਂ ਪਿੰਡ ਇਕਾਈਆਂ ਦੇ ਆਗੂਆਂ ਦਾ ਧੰਨਵਾਦ ਕਰਦੇ ਹਾਂ ਹਰੇਕ ਪਿੰਡ ਵੱਧ ਤੋਂ ਵੱਧ ਗਿਣਤੀ ਵਿੱਚ ਕਿਸਾਨਾਂ ਮਜ਼ਦੂਰਾਂ ਮਾਵਾਂ ਭੈਣਾਂ ਤੇ ਨੌਜਵਾਨਾਂ ਦੀ ਵੱਡੀ ਗਿਣਤੀ 13 ਫ਼ਰਵਰੀ ਵਾਲੀ ਸੰਗਰਾਮ ਰੈਲੀ ਵਿੱਚ ਸ਼ਮੂਲੀਅਤ ਕਰਵਾਈ ਜ਼ਮੀਨਾਂ ਤੇ ਵੱਡਾ ਹਮਲਾ ਹੈ ਸਰਕਾਰਾਂ ਕਿਸਾਨਾਂ ਤੋਂ ਜ਼ਮੀਨਾਂ ਖੋਹ ਕੇ ਵੱਡੇ ਸਰਮਾਏਦਾਰਾਂ ਨੂੰ ਦੇਣੀਆਂ ਚਾਹੁੰਦੀਆਂ ਹਨ। ਇਸ ਲਈ ਜੇਕਰ ਜ਼ਮੀਨਾਂ ਬਚਾਉਣੀਆਂ ਹਨ ਤਾਂ ਆਪਾਂ ਸਾਰੀਆਂ ਨੂੰ ਵੱਡੇ ਇਕੱਠ ਕਰਕੇ ਸੰਘਰਸ਼ਾਂ ਦੇ ਮੈਦਾਨ ਵਿੱਚ ਉਤਰਨਾ ਪਵੇਗਾ ।

ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਦਿੱਤੀ ਜਾਵੇ ਸਖਤ ਸਜ਼ਾ : ਕਲੇਰ

ਆਜ਼ਾਦ ਸੋਚ, ਸੰਗਰੂਰ,15 ਫਰਵਰੀ :

ਭਾਜਪਾ ਦੇ ਭਾਜਪਾ ਕਿਸਾਨ ਮੋਰਚਾ ਪੰਜਾਬ ਦੇ ਮੀਤ ਪ੍ਰਧਾਨ ਤੇ ਭਾਰਤ ਤਿੱਬਤ ਸਹਿਯੋਗ ਮੰਚ ਦੇ ਸੂਬਾ ਪ੍ਰਧਾਨ ਸ.ਰਣਧੀਰ ਸਿੰਘ ਕਲੇਰ ਨੇ ਪ੍ਰੈਸ ਬਿਆਨ ਰਾਹੀਂ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਦਿੱਲੀ ਦੀ ਰਾਊਜ ਐਵਨਿਊ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਦਾ ਸਵਾਗਤ ਕੀਤਾ ਹੈ ਤੇ ਉਨ੍ਹਾਂ ਨਾਲ ਹੀ ਮੰਗ ਕੀਤੀ ਹੈ ਕਿ ਚਾਰ ਦਹਾਕਿਆਂ ਤੋਂ ਸੰਤਾਪ ਭੋਗ ਰਹੇ ਪੀੜਤ ਪਰਿਵਾਰਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ ਤੇ ਦੰਗੇ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਸ. ਕਲੇਰ ਨੇ ਕਿਹਾ ਕਿ 1984 ਵਿੱਚ ਜਿਸ ਤਰ੍ਹਾਂ ਸ਼ਰੇਆਮ ਸਿੱਖ ਪਰਿਵਾਰਾਂ ਦਾ ਕਤਲੇਆਮ ਕੀਤਾ ਗਿਆ ਸੀ ਉਹ ਮਨੁੱਖਤਾ ਦੇ ਨਾਂ ਤੇ ਇੱਕ ਮਾਨਵ ਵਿਰੋਧੀ ਘਿਨਾਉਣਾ ਕਾਰਾ ਸੀ ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਤੇ ਇਸ ਕਤਲੇਆਮ ਵਿੱਚ ਬਚ ਜਾਣ ਵਾਲੇ ਪਰਿਵਾਰਾਂ ਦੇ ਮੈਂਬਰਾਂ ਨੂੰ ਚਾਰ ਦਹਾਕੇ ਬੀਤਣ ਤੋਂ ਬਾਅਦ ਵੀ ਅਜੇ ਇਨਸਾਫ ਦੀ ਉਮੀਦ ਸੀ ਅਤੇ ਹੁਣ ਜਿਸ ਤਰਾਂ ਮਾਨਯੋਗ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਦੋਸ਼ੀ ਠਹਿਰਾਇਆ ਗਿਆ ਉਸ ਨਾਲ ਪੀੜਤ ਪਰਿਵਾਰਾਂ ਦੇ ਜਖਮਾਂ ਤੇ ਮੱਲਮ ਲੱਗੀ ਹੈ। ਉਹਨਾਂ ਨੇ ਕਿਹਾ ਕਿ ਕੇਂਦਰ ਵਿਚਲੀਆਂ ਪਿਛਲੀਆਂ ਸਰਕਾਰਾਂ ਨੇ ਚਾਰ ਦਹਾਕਿਆਂ ਤੱਕ ਕਤਲੇਆਮ ਦੇ ਦੋਸ਼ੀਆਂ ਦੀ ਪੁਸ਼ਤ ਪਨਾਹੀ ਕੀਤੀ ਸੀ। ਜਿਸ ਕਾਰਨ ਦੋਸ਼ੀ ਖੁੱਲੇ ਆਮ ਘੁੰਮਦੇ ਰਹੇ ਅਤੇ ਪੀੜਤਾਂ ਦੇ ਜਖਮਾਂ ਤੇ ਨਮਕ ਛਿੜਕਣ ਦਾ ਕੰਮ ਕਰਦੇ ਰਹੇ ਸਨ, ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਬਣਨ ਵਾਲੀ ਸਰਕਾਰ ਨੇ ਐਸਆਈਟੀ ਬਣਾ ਕੇ ਨਵੇਂ ਸਿਰਿਓਂ ਜਦੋਂ 1984 ਦੇ ਕਤਲੇਆਮ ਦੀ ਜਾਂਚ ਕਰਵਾਈ ਤਾਂ ਉਸ ਕਤਲੇਆਮ ਦੇ ਦੋਸ਼ੀਆਂ ਨੂੰ ਮਿਸਾਲੀ ਸਜਾਵਾਂ ਦਿਵਾਉਣ ਲਈ ਚਾਰਾਜੋਈ ਕੀਤੀ ਗਈ ਅਤੇ ਮਾਣਯੋਗ ਅਦਾਲਤ ਨੇ ਵੀ ਉਹਨਾਂ ਕੇਸਾਂ ਤੇ ਕਾਰਵਾਈ ਕਰਦਿਆਂ ਹੁਣ ਦੋਸ਼ੀਆਂ ਨੂੰ ਸਜ਼ਾ ਦਿੱਤੀ ਹੈ। ਉਹਨਾਂ ਨੇ ਕਿਹਾ ਕਿ ਸੱਜਣ ਕੁਮਾਰ ਤੋਂ ਇਲਾਵਾ ਹੋਰ ਵੀ ਜਿਹੜੇ ਦੋਸ਼ੀਆਂ ਦੇ ਨਾਂ 1984 ਦੇ ਕਤਲੇਆਮ ਵਿੱਚ ਆਏ ਹਨ ਉਹਨਾਂ ਨੂੰ ਵੀ ਸਖਤ ਸਜਾਵਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਭਵਿੱਖ ਵਿੱਚ ਕਦੇ ਵੀ ਕਿਸੇ ਵੀ ਧਰਮ ਦੇ ਲੋਕਾਂ ਨਾਲ ਅਜਿਹਾ ਨਾ ਵਾਪਰ ਸਕੇ।

Court Notice

(U/o 5 Rule 20 CPC)
In the Court of Sh. Vijay Kumar Matrimonial Cases Special Courts, Fatehgarh Sahib
Next Date , Purpose of case, Orders and Judgments as well as other case information is available on http://ecourts.gov.in
CNRNo:PBFG01-000605-2023
Next Date : 02-05-2025
Jaspreet Kaur W/o Satwinder Singh and D/o Gurdeep Singh R/o H. No. 141, Ramdas Nagar, Ambala City (Haryana) now r/o Village Nandpur, PS Bassi Pathana District Fatehgarh Sahib
Versus
Satwinder Singh S/o Late Gurdeep Singh R/o House No. 141, Ramdas Nagar, Ambala City Haryana
Publication Issued To: Satwinder Singh
Father: Late Gurdeep Singh Resident of House No. 141, Ramdas Nagar, Ambala City (Haryana)
In above titled case , the defendant(s)/respondent(s) could not be served .It is ordered that defendant(s)/ respondent(s) should appear in person or through counsel on 02-05-2025 at 10:00 a.m. For details logon to https://highcourtchd.gov.in/?trs=district_notice&district=mogacourt
Dated , This day of : 13-02-2025
Sd/-
Matrimonial Cases Special Courts, Fatehgarh Sahib

Court Notice

(U/o 5 Rule 20 CPC) (Under Guardian and Ward Act)
In the Court of Sh. Ashish Thathai Civil Judge (Senior Division), Rupnagar
Next Date , Purpose of case, Orders and Judgments as well as other case information is available on http://ecourts.gov.in
CNR No: PBRO02-000038-2025
Next Date : 20-03-2025